# ਹੱਕਾਂ ਲਈ ਲੜਦੇ ਲੋਕਾਂ ਖ਼ਿਲਾਫ਼ ਸਟੇਟ ਦਹਿਸ਼ਤਗਰਦੀ ਹੋਰ ਤੇਜ਼ ਕਰਨ ਦਾ ਐਲਾਨ

ਕੇਂਦਰੀ ਹੋਮ ਮਨਿਸਟਰ ਚਿਦੰਬਰਮ ਨੇ ਐਲਾਨ ਕੀਤਾ ਹੈ ਕਿ ਛੱਤੀਸਗੜ੍ਹ, ਉੜੀਸਾ, ਮੱਧ ਪ੍ਰਦੇਸ਼, ਝਾਰਖੰਡ, ਅਤੇ ਪੱਛਮੀ ਬੰਗਾਲ ਵਿਚ ਮਾਓਵਾਦੀਆਂ ਦੇ ਅਸਰ ਹੇਠਲੇ ਪੱਛੜੇ ਹੋਏ ਇਲਾਕਿਆਂ ਵਿਚ ਸੱਤਰ ਹਜ਼ਾਰ ਫੌਜੀਆਂ, ਹਵਾਈ ਜਹਾਜ਼ਾਂ ਅਤੇ ਨੀਮ ਫੌਜੀਆਂ ਨਾਲ ਇਕ ਵੱਡਾ ਹਮਲਾ ਕਰਕੇ ਇਨ੍ਹਾਂ ਇਲਾਕਿਆਂ ਚੋਂ ਕਿਸਾਨਾਂ ਅਤੇ ਕਬਾਇਲੀ ਲੋਕਾਂ ਦੇ ਹਥਿਆਰਬੰਦ ਘੋਲ ਨੂੰ ਖ਼ਤਮ ਕਰ ਦਿਤਾ ਜਾਵੇਗਾ। ਉਸਨੇ ਕਿਹਾ ਕਿ ਇਹ ਘੋਲ ਹਿੰਦੁਸਤਾਨ ਦੇ ਲੋਕ ਤੰਤ੍ਰ ਅਤੇ ਵਿਕਾਸ ਲਈ ਇਕ ਵੱਡਾ ਖ਼ਤਰਾ ਬਣ ਗਏ ਹਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਵੀ ਐਲਾਨ ਕੀਤਾ ਹੈ ਕਿ ਕਿਸਾਨਾਂ ਅਤੇ ਕਬਾਇਲੀ ਲੋਕਾਂ ਦੇ ਘੋਲ ਹੁਣ ਸਰਕਾਰ ਅਤੇ ਰਾਜ ਲਈ ਵੱਡਾ ਖ਼ਤਰਾ ਬਣ ਗਏ ਹਨ। ਮਾਓਵਾਦੀਆਂ ਦੀ "ਦਹਿਸ਼ਤ" ਤੋਂ ਮੁਲਕ ਨੂੰ ਸਭ ਤੋਂ ਵੱਧ ਖ਼ਤਰਾ ਹੋਣ ਦੀ ਘੰਟੀ ਵੀ ਉਹਨੇ ਜ਼ੋਰ ਨਾਲ ਵਜਾਈ ਹੈ।

ਚਿਦੰਬਰਮ ਅਤੇ ਸਰਕਾਰ ਦੇ ਹੋਰ ਨੁਮਾਇੰਦੇ ਲੋਕਾਂ ਨੂੰ ਧਮਕੀਆਂ ਦੇ ਰਹੇ ਹਨ ਕਿ ਜੇ ਉਨ੍ਹਾਂ ਨੇ ਕਿਸਾਨਾਂ ਅਤੇ ਆਦੀਵਾਸੀ ਲੋਕਾਂ ਨਾਲ ਹਮਦਰਦੀ ਨਾ ਛੱਡੀ ਤਾਂ ਉਨ੍ਹਾਂ ਦਾ ਹਸ਼ਰ ਭੈੜਾ ਹੋ ਸਕਦਾ ਹੈ। ਕਲਕੱਤੇ ਦੇ ਕੁਝ ਬੁੱਧੀਜੀਵੀਆਂ ਨੂੰ ਸੀਪੀਆਈ (ਐਮ) ਦੀ ਸਰਕਾਰ ਨੇ ਵੀ ਇਹੋ ਜਿਹੀ ਧਮਕੀ ਦਿੱਤੀ ਹੈ। ਅਨੇਕਾਂ ਹੀ ਕਮਿਊਨਿਸਟਾਂ, ਮਨੁੱਖੀ ਹੱਕਾਂ ਦੇ ਕਾਰਕੁਨਾਂ, ਅਤੇ ਕਿਸਾਨ ਤੇ ਕਬਾਇਲੀ ਲੀਡਰਾਂ ਨੂੰ ਵੀ ਹਿਰਾਸਤ ਵਿਚ ਲੈ ਲਿਆ ਗਿਆ ਹੈ। ਹਿੰਦੁਸਤਾਨ ਅਤੇ ਬਾਹਰਲੇ ਮੁਲਕਾਂ ਵਿਚ ਆਮ ਲੋਕਾਂ, ਬੁੱਧੀਜੀਵੀਆਂ ਅਤੇ ਰੌਸ਼ਨ ਖ਼ਿਆਲ ਲੋਕਾਂ ਨੇ ਇਸ ਹਮਲੇ ਦੇ ਐਲਾਨ ਦੀ ਅਤੇ ਇਨ੍ਹਾਂ ਇਲਾਕਿਆਂ ਵਿਚ ਲੋਕਾਂ ਤੇ ਹੋ ਰਹੇ ਸਰਕਾਰੀ ਜ਼ੁਲਮ ਅਤੇ ਤਸ਼ੱਦਦ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ।

ਇਸ ਸੋਚਣ ਦੀ ਲੋੜ ਹੈ ਕਿ ਕੇਂਦਰੀ ਸਰਕਾਰ ਇਹ ਹਮਲਾ ਇਸ ਵੇਲੇ ਕਿਉਂ ਕਰ ਰਹੀ ਹੈ ਅਤੇ ਇਸਦਾ ਮੰਤਵ ਕੀ ਹੈ? ਖ਼ਣਿਜ ਪਦਾਰਥਾਂ ਨਾਲ ਭਰਪੂਰ ਇਸ ਇਲਾਕੇ ਵਿਚ ਦੱਸਿਆ ਜਾਂਦਾ ਹੈ ਕਿ ਇਥੇ ਸਿਰਫ਼ ਬੌਕਸਾਈਟ ਦੇ ਹੀ ਭੰਡਾਰ ਚਾਰ ਖ਼ਰਬ ਡਾਲਰ ਦੇ ਕਰੀਬ ਹਨ। ਅਲਮੂਨੀਅਮ, ਥੋਰੀਅਮ ਅਤੇ ਹੋਰ ਕਈ ਮਹੱਤਵ ਪੂਰਨ ਧਾਤਾਂ ਦੀ ਇਨ੍ਹਾਂ ਇਲਾਕਿਆਂ ਵਿਚ ਬਹੁਤ ਤਾਦਾਦ ਮੌਜੂਦ ਹੈ। ਟਾਟਾ, ਅੰਬਾਨੀ, ਮਿੱਤਲ ਅਤੇ ਹੋਰ ਬਾਹਰਲੀਆਂ ਕੰਪਨੀਆਂ ਇਨ੍ਹਾਂ ਇਲਾਕਿਆਂ ਦੇ ਲੋਕਾਂ ਦੇ ਕੁਦਰਤੀ ਖ਼ਜ਼ਾਨਿਆਂ ਨੂੰ ਹੜੱਪਣ ਲਈ ਤਰਲੋਮੱਛੀ ਹੋ ਰਹੀਆਂ ਹਨ। ਸਰਕਾਰ ਨੇ ਇਸ ਇਲਾਕੇ ਦੇ ਜ਼ਮੀਨ ਅਤੇ ਜੰਗਲ ਇਨ੍ਹਾਂ ਕੰਪਨੀਆਂ ਦੇ ਹਵਾਲੇ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ ਜਿਸ ਖ਼ਿਲਾਫ਼ ਲੋਕ ਲਾਮਬੰਦ ਹੋ ਗਏ ਹਨ ਅਤੇ ਉਹ ਕੇਂਦਰੀ ਅਤੇ ਰਾਜ ਸਰਕਾਰ ਦੇ ਇਨ੍ਹਾਂ ਫੈਸਲਿਆਂ ਦੇ ਖ਼ਿਲਾਫ਼ ਅਤੇ ਆਪਣੇ ਕੁਦਰਤੀ ਵਸੀਲਿਆਂ ਨੂੰ ਇਨ੍ਹਾਂ ਮਗਰਮੱਛਾਂ ਤੋਂ ਬਚਾਉਣ ਲਈ ਇਕਮੁੱਠ ਹੋ ਕੇ ਪੁਰਜ਼ੋਰ ਘੋਲ ਚਲਾ ਰਹੇ ਹਨ। ਸਰਕਾਰੀ ਗੁੰਡਿਆਂ, ਪੁਲਿਸ, ਨੀਮ ਫੌਜ ਅਤੇ ਫੌਜ ਦੇ ਅੰਨ੍ਹੇ ਤਸ਼ੱਦਦ ਦੇ ਬਾਵਜੂਦ ਵੀ ਕਿਸਾਨਾਂ ਅਤੇ ਕਬਾਇਲੀ ਲੋਕਾਂ ਨੇ ਆਪਣੀ ਜ਼ਮੀਨ, ਜੰਗਲ ਅਤੇ ਪਾਣੀ ਦੀ ਰਾਖੀ ਲਈ ਘੋਲ ਨਹੀਂ ਛੱਡਿਆ। ਉਨ੍ਹਾਂ ਨੇ ਸਰਕਾਰੀ ਦਹਿਸ਼ਤਗਰਦੀ ਦਾ ਡੱਟ ਕੇ ਜਵਾਬ ਦਿਤਾ ਹੈ ਅਤੇ ਦਿਨ ਬ ਦਿਨ ਆਪਣਾ ਘੋਲ ਹੋਰ ਤੇਜ਼ ਕਰ ਰਹੇ ਹਨ। ਲਾਲਗੜ੍ਹ, ਨੰਦੀਗਰਾਮ ਅਤੇ ਸਿੰਗੁਰ ਵਿਚ ਲੋਕਾਂ ਨੇ ਇਨ੍ਹਾਂ ਕੰਪਨੀਆਂ ਅਤੇ ਸਰਕਾਰ ਦੀਆਂ ਸਕੀਮਾਂ ਨੂੰ ਆਪਣੇ ਘੋਲਾਂ ਨਾਲ ਹਰਾ ਦਿਤਾ ਹੈ। ਸਰਕਾਰ ਹੁਣ ਲੋਕਾਂ ਦੀ ਜਦੋਜਹਿਦ ਉਤੇ ਇਕ ਵੱਡੇ ਪੈਮਾਨੇ ਤੇ ਹਮਲਾ ਕਰਕੇ ਲੋਕਾਂ ਦੀ ਇਸ ਲਹਿਰ ਦਾ ਲੱਕ ਭੰਨਣਾ ਚਾਹੁੰਦੀ ਹੈ ਜਿਹਦੀ ਇਕ ਮਿਸਾਲ ਪੱਛਮੀ ਬੰਗਾਲ ਦੇ ਮੁਖ ਮੰਤਰੀ ਬੁਧਦੇਵ ਭੱਟਾਚਾਰਜੀ ਦਾ ਇਹ ਐਲਾਨ ਹੈ ਕਿ "ਅਸੀਂ ਹੁਣ ਮਾਓਵਾਦੀਆਂ ਨੂੰ ਸਬਕ ਸਿਖਾਵਾਂਗੇ"

ਕੇਂਦਰੀ ਤੇ ਰਾਜ ਸਰਕਾਰਾਂ ਕਿਸਾਨਾਂ ਅਤੇ ਕਬਾਇਲੀ ਲੋਕਾਂ ਦਾ ਇਨ੍ਹਾਂ ਇਲਾਕਿਆਂ ਚੋਂ ਬਿਲਕੁਲ ਸਫਾਇਆ ਕਰਨਾ ਚਾਹੁੰਦੀਆਂ ਹਨ। ਉਹ ਇਨ੍ਹਾਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਅਤੇ ਜ਼ਮੀਨਾਂ ਤੋਂ ਜ਼ਬਰਦਸਤੀ ਉਠਾ ਕੇ ਉਨ੍ਹਾਂ ਦੀਆਂ ਜ਼ਮੀਨਾਂ ਵੱਡੀਆਂ ਕੰਪਨੀਆਂ ਦੇ ਹਵਾਲੇ ਕਰਨ ਦੀ ਸਕੀਮ ਬਣਾਈ ਬੈਠੇ ਹਨ। ਕੇਂਦਰੀ ਗ੍ਰਿਹ ਮੰਤ੍ਰੀ ਚਿਦੰਬਰਮ ਆਪ ਵੇਦਾਂਤਮ ਨਾਮ ਦੀ ਕਿ ਵੱਡੀ ਕੰਪਨੀ ਨਾਲ ਜੁੜਿਆ ਹੋਇਆ ਹੈ ਜੋ ਕਿ ਛੱਤੀਸਗੜ੍ਹ ਅਤੇ ਹੋਰਨਾਂ ਜੰਗਲ ਦੇ ਇਲਾਕਿਆਂ ਚੋਂ ਆਦੀਵਾਸੀ ਲੋਕਾਂ ਨੂੰ ਉਜਾੜ ਕੇ ਇਲਾਕੇ ਦੀ ਸਾਰੀ ਕੁਦਰਤੀ ਦੌਲਤ ਹਥਿਆਉਣਾ ਚਾਹੁੰਦੀ ਹੈ। ਪਰ ਹੁਣ ਲੋਕ ਕੰਪਨੀਆਂ ਅਤੇ ਸਰਕਾਰਾਂ ਦੀਆਂ ਸਕੀਮਾਂ ਸਮਝ ਚੁੱਕੇ ਹਨ।

ਕੇਂਦਰੀ ਸਰਕਾਰ ਦਲੀਲ ਦੇ ਰਹੀ ਹੈ ਕਿ ਉਹ ਇਨ੍ਹਾਂ ਪੱਛੜੇ ਇਲਾਕਿਆਂ ਦਾ ਵਿਕਾਸ ਕਰਨਾ ਚਾਹੁੰਦੀ ਹੈ ਅਤੇ ਕਿਸਾਨ ਅਤੇ ਕਬਾਇਲੀ ਲੋਕ ਮਾਓਵਾਦੀਆਂ ਦੇ ਬਹਿਕਾਵੇ ਵਿਚ ਆ ਕੇ ਵਿਕਾਸ ਦੇ ਖ਼ਿਲਾਫ਼ ਲਾਮਬੰਦ ਹੋ ਗਏ ਹਨ। ਇਸ ਲਈ ਉਹ ਮਾਓਵਾਦੀਆਂ ਦੇ ਅਸਰ ਨੂੰ ਖ਼ਤਮ ਕਰਨ ਲਈ ਇਹ ਸਭ ਕੁਝ ਕਰ ਰਹੀ ਹੈ। ਪਰ ਲੋਕਾਂ ਦਾ ਤਜਰਬਾ ਕੁਝ ਹੋਰ ਦੱਸਦਾ ਹੈ। ਜਿੱਥੇ ਜਿੱਥੇ ਵੀ ਕੇਂਦਰੀ ਸਰਕਾਰ ਨੇ ਇਹੋ ਜਿਹਾ "ਵਿਕਾਸ" ਕੀਤਾ ਹੈ ਉਥੇ ਉਥੇ ਲੋਕਾਂ ਨੂੰ ਆਪਣੀ ਜ਼ਮੀਨ, ਜੰਗਲ, ਪਾਣੀ ਅਤੇ ਹੋਰ ਕੁਦਰਤੀ ਵਸੀਲਿਆਂ ਤੋਂ ਹੱਥ ਧੋਣਾ ਪਿਆ ਹੈ ਅਤੇ ਭੁੱਖਮਰੀ ਦਾ ਸ਼ਿਕਾਰ ਹੋਣਾ ਪਿਆ ਹੈ। ਪਿਛਲੇ ਸੱਠ ਸਾਲਾਂ ਵਿਚ ਲਗਭਗ ਤਿੰਨ ਕਰੋੜ ਲੋਕਾਂ ਨੂੰ ਇਸ "ਵਿਕਾਸ" ਨੇ ਉਜਾੜ ਕੇ ਬੇਘਰ ਕਰ ਦਿਤਾ ਹੈ ਅਤੇ

ਉਨ੍ਹਾਂ ਦੀ ਦੌਲਤ ਕੇਂਦਰੀ ਸਰਕਾਰ ਰਾਹੀਂ ਵੱਡੇ ਸਰਮਾਏਦਾਰਾਂ ਅਤੇ ਜ਼ੋਰ ਵਾਲਿਆਂ ਨੇ ਹੜੱਪ ਲਈ ਹੈ। ਲੋਕ ਇਹ ਸਭ ਭੁੱਲੇ ਨਹੀਂ ਹਨ ਅਤੇ ਉਨ੍ਹਾਂ ਨੇ ਇਹੋ ਜਿਹੇ ਵਿਕਾਸ ਦੇ ਨਤੀਜੇ ਦਾ ਨਿਰਨਾ ਕਰਕੇ ਸਬਕ ਪੱਲੇ ਬੰਨ੍ਹ ਲਏ ਹਨ।

ਲੋਕਾਂ ਉਤੇ ਇਸ ਹਮਲੇ ਵਿਚ ਕੇਂਦਰੀ ਸਰਕਾਰ ਦੇ ਜੋਟੀਦਾਰ ਅਮਰੀਕਾ ਅਤੇ ਇਸਰਾਈਲ ਵੀ ਸ਼ਾਮਲ ਹਨ ਜਿਨ੍ਹਾਂ ਦੇ ਮਾਹਿਰ ਇਨ੍ਹਾਂ ਇਲਾਕਿਆਂ ਵਿਚ ਫੌਜ ਅਤੇ ਨੀਮ ਫੌਜ ਨੂੰ ਸਲਾਹ ਮਸ਼ਵਰਾ ਦੇ ਰਹੇ ਹਨ। ਇਨ੍ਹਾਂ ਦੋਹਾਂ ਮੁਲਕਾਂ ਦਾ ਜੱਦੀਪੁਸ਼ਤੀ ਲੋਕਾਂ ਤੇ ਹਮਲੇ ਕਰਕੇ ਕਰੋੜਾਂ ਨੂੰ ਕਤਲ ਕਰਨ ਤੇ ਉਨ੍ਹਾਂ ਦੀ ਜ਼ਮੀਨ ਅਤੇ ਦੌਲਤ ਨੂੰ ਹੜੱਪਣ ਦਾ ਡੂੰਘਾ ਤਜਰਬਾ ਹੈ। ਇਕ ਜਾਇਜ਼ੇ ਮੁਤਾਬਿਕ ਅਮਰੀਕਾ ਨੇ 1864 ਤੋਂ ਲੈ ਕੇ 1905 ਤਾਈਂ ਸਿਰਫ਼ ੪੦ ਸਾਲਾਂ ਵਿਚ ਤਕਰੀਬਨ 8-10 ਕਰੋੜ ਮੁੱਢ ਕਦੀਮੀ ਲੋਕਾਂ ਦੇ ਕਤਲ ਕਰਕੇ ਉਨ੍ਹਾਂ ਦੀ ਜ਼ਮੀਨ, ਜੰਗਲ, ਖਣਿਜ ਅਤੇ ਹੋਰ ਦੌਲਤ ਹੜੱਪ ਲਈ ਸੀ। ਇਸਰਾਈਲ ਨੇ ਵੀ ਫ਼ਲਸਤੀਨੀ ਲੋਕਾਂ ਦੀਆਂ ਜ਼ਮੀਨਾਂ ਤੇ ਕਬਜ਼ਾ ਕੀਤਾ ਤੇ ਉਨ੍ਹਾਂ ਦੇ ਕਤਲ ਕੀਤੇ ਅਤੇ ਬਚ ਰਹੇ ਲੋਕਾਂ ਨੂੰ ਉਜਾੜ ਕੇ ਬੇਘਰ ਕਰ ਦਿਤਾ।

ਹੁਣ ਹਿੰਦੁਸਤਾਨ ਦੀ ਸਰਕਾਰ ਵੀ ਇਹੋ ਕੁਝ ਕਰ ਰਹੀ ਹੈ ਤਾਂ ਕਿ ਕਿਸਾਨਾਂ ਅਤੇ ਕਬਾਇਲੀ ਲੋਕਾਂ ਦੀ ਦੌਲਤ ਇਹ ਵੱਡੀਆਂ ਕੰਪਨੀਆਂ ਦੇ ਹਵਾਲੇ ਕਰ ਦੇਵੇ ਅਤੇ ਉਹ ਅਰਬਾਂ ਖਰਬਾਂ ਡਾਲਰ ਕਮਾ ਕੇ ਆਪਣੇ ਬੈਂਕ ਭਰ ਲੈਣ। ਲੋਕ ਜਾਣਦੇ ਹਨ ਕਿ ਸਰਕਾਰ ਦੇ ਵਿਕਾਸ ਅਤੇ ਡਿਵੈਲਪਮੈਂਟ ਦਾ ਨਤੀਜਾ ਇਹ ਹੀ ਹੁੰਦਾ ਹੈ। ਪਰ ਲੋਕਾਂ ਦੇ ਘੋਲ ਨੂੰ ਕੁਚਲਣਾ ਆਸਾਨ ਨਹੀਂ। ਇਸ ਲਈ ਹਿੰਦੁਸਤਾਨ ਦੀ ਸਰਕਾਰ, ਹਾਕਮ ਵਰਗ ਦਾ ਮੀਡੀਆ ਅਤੇ ਉਨ੍ਹਾਂ ਦੇ ਮਾਹਿਰ ਪੂਰਾ ਜ਼ੋਰ ਲਾ ਰਹੇ ਹਨ ਕਿ ਲੋਕਾਂ ਦੀ ਏਕਤਾ ਕਿਸੇ ਵੀ ਤਰੀਕੇ ਨਾਲ ਭੰਗ ਹੋ ਜਾਵੇ, ਕਿਸਾਨ ਅਤੇ ਕਬਾਇਲੀ ਲੋਕ ਇਕੱਲੇ ਰਹਿ ਜਾਣ ਅਤੇ ਸਰਕਾਰ ਫਿਰ ਉਨ੍ਹਾਂ ਤੇ ਖੁੱਲ੍ਹਾ ਤਸ਼ੱਦਦ ਕਰ ਸਕੇ।

ਉੜੀਸਾ, ਛੱਤੀਸਗੜ, ਝਾਰਖੰਡ, ਬੰਗਾਲ, ਕਰਨਾਟਕ ਅਤੇ ਹੋਰਨਾਂ ਇਲਾਕਿਆਂ ਦੇ ਕਿਸਾਨਾਂ ਅਤੇ ਕਬਾਇਲੀ ਲੋਕਾਂ ਦੇ ਘੋਲ ਨੂੰ ਹਿੰਦੁਸਤਾਨ ਦੇ ਲੋਕਾਂ ਦੀ ਹਿਮਾਇਤ ਹਾਸਿਲ ਹੈ। ਉਹ ਰੋਜ਼ ਇਹੋ ਜਿਹੇ ਵਿਕਾਸ ਦਾ ਨਤੀਜਾ ਭੁਗਤ ਰਹੇ ਹਨ। ਉਹ ਹਰ ਰੋਜ਼ ਕੇਂਦਰੀ ਸਰਕਾਰ ਦੇ ਇਸ ਹਮਲੇ ਦੀ ਨਿਖੇਧੀ ਕਰ ਰਹੇ ਹਨ ਅਤੇ ਇਸਦੇ ਦਾਅਵਿਆਂ ਦਾ ਝੂਠ ਲੋਕਾਂ ਸਾਮ੍ਹਣੇ ਪੇਸ਼ ਕਰ ਰਹੇ ਹਨ। ਇਸ ਲਈ ਕੇਂਦਰੀ ਸਰਕਾਰ ਲੋਕਾਂ ਨੂੰ ਹਰ ਰੋਜ਼ ਨਵੀਆਂ ਧਮਕੀਆਂ ਦੇ ਰਹੀ ਹੈ ਪਰ ਹੁਣ ਲੋਕ ਉਸਦੀਆਂ ਧਮਕੀਆਂ ਤੋਂ ਡਰਦੇ ਨਹੀਂ। ਥਾਂ ਥਾਂ ਤੇ ਸ਼ਹਿਰਾਂ ਅਤੇ ਪਿੰਡਾਂ ਵਿਚ ਲੋਕ ਇਸ ਸਰਕਾਰੀ ਜਬਰ ਦੇ ਖ਼ਿਲਾਫ਼ ਗੋਸ਼ਟੀਆਂ ਅਤੇ ਰੈਲੀਆਂ ਕਰ ਰਹੇ ਹਨ। ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਔਰਤਾਂ, ਦਲਿਤਾਂ ਅਤੇ ਹੋਰਨਾਂ ਲੋਕਾਂ ਦੀਆਂ ਜਥੇਬੰਦੀਆਂ ਨੇ ਇਸ ਹਮਲੇ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ।

ਕਿਸਾਨ, ਕਬਾਇਲੀ ਲੋਕ, ਮਜ਼ਦੂਰ, ਨੌਜਵਾਨ, ਔਰਤਾਂ ਦਲਿਤ ਅਤੇ ਹੋਰ ਦਬੇ ਕੁਚਲੇ ਲੋਕ ਖ਼ੁਸ਼ਹਾਲੀ ਅਤੇ ਇੱਜ਼ਤ ਦੀ ਜ਼ਿੰਦਗੀ ਜੀਣਾ ਚਾਹੁੰਦੇ ਹਨ। ਉਹ ਆਪਣੇ ਕੁਦਰਤੀ ਵਸੀਲਿਆਂ ਨੂੰ ਆਪਣੀ ਖ਼ੁਸ਼ਹਾਲੀ ਲਈ ਵਰਤਣਾ ਚਾਹੁੰਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਕੇਂਦਰ ਸਰਕਾਰ ਦਾ ਵਿਕਾਸ ਅਤੇ ਡਿਵੈਲਪਮੈਂਟ ਉਨ੍ਹਾਂ ਲਈ ਤਬਾਹੀ ਦਾ ਸੁਨੇਹਾ ਹੈ। ਇਸ ਲਈ ਉਹ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਹਨ।

ਇਸ ਲਈ ਕੇਂਦਰੀ ਸਰਕਾਰ ਬੁਖਲਾ ਰਹੀ ਹੈ। ਬਾਕੀ ਜਾਬਰਾਂ ਵਾਂਗ ਮਨਮੋਹਨ ਸਿੰਘ ਅਤੇ ਚਿਦੰਬਰਮ ਨੇ ਵੀ ਤਾਰੀਖ਼ ਤੋਂ ਕੁਝ ਨਹੀਂ ਸਿਖਿਆ। ਤਾਰੀਖ਼ ਗਵਾਹ ਹੈ ਕਿ ਲੋਕਾਂ ਉਤੇ ਇਹੋ ਜਿਹੇ ਹਮਲੇ ਕਦੇ ਕਾਮਯਾਬ ਨਹੀਂ ਹੁੰਦੇ। ਯਕੀਨਨ ਲੋਕਾਂ ਉਤੇ ਇਹ ਹਮਲਾ ਵੀ ਕਾਮਯਾਬ ਨਹੀਂ ਹੋਵੇਗਾ ਅਤੇ ਹਿੰਦੁਸਤਾਨ ਦੇ ਲੋਕ ਇਸ ਹਮਲੇ ਨੂੰ ਲਾਜ਼ਮੀ ਹਰਾ ਦੇਣਗੇ।